ਮਨਿੰਦਰਜੀਤ ਸਿੰਘ ਬਿੱਟਾ ਐਕਸਕਲੂਸਿਵ : 'ਗੁਰੂਆਂ ਨੇ ਮਨੁੱਖਤਾ ਸਿਖਾਈ, ਅਸੀਂ ਨਫ਼ਰਤ ਫੈਲਾਉਣ 'ਚ ਰੁੱਝੇ ਹਾਂ'

'ਅੱਤਵਾਦ 'ਚੋਂ ਨਿਕਲਿਆ ਪੰਜਾਬ, ਹੁਣ ਗੈਂਗਸਟਰਵਾਦ ਤੇ ਨਸ਼ੇ ਦੀ ਚੁਣੌਤੀ'

ਜਲੰਧਰ, 10 ਨਵੰਬਰ (ਰਾਨੂ ਮਿਸ਼ਰਾ)– ਪੰਜਾਬ ਦੀ ਧਰਤੀ ਨੇ ਅੱਤਵਾਦ ਦਾ ਉਹ ਕਾਲਾ ਦੌਰ ਵੀ ਦੇਖਿਆ ਹੈ, ਜਿਸ ਨੂੰ ਯਾਦ ਕਰ ਕੇ ਅੱਜ ਵੀ ਰੂਹ ਕੰਬ ਜਾਂਦੀ ਹੈ। ਆਲ ਇੰਡੀਆ ਐਂਟੀ-ਟੈਰੋਰਿਸਟ ਫਰੰਟ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੇ ਅੱਤਵਾਦ ਦਾ ਦਰਦ ਨੇੜਿਓਂ ਦੇਖਿਆ ਹੈ ਅਤੇ ਕਈ ਅੱਤਵਾਦੀ ਹਮਲਿਆਂ ਦੇ ਬਾਵਜੂਦ ਆਪਣੇ ਹੌਸਲੇ ਨੂੰ ਕਮਜ਼ੋਰ ਨਹੀਂ ਪੈਣ ਦਿੱਤਾ। ਪੰਜਾਬ 'ਚ ਅੱਤਵਾਦ ਦੇ ਦੌਰ ਤੋਂ ਲੈ ਕੇ ਅੱਜ ਦੇ ਬਦਲਦੇ ਸਿਆਸੀ ਤੇ ਸੁਰੱਖਿਆ ਮਾਹੌਲ ਬਾਰੇ ਬਿੱਟਾ ਨੇ 'ਜਗ ਬਾਣੀ' ਨਾਲ ਖਾਸ ਗੱਲਬਾਤ ਕੀਤੀ।



- **ਅੱਤਵਾਦ ਖਿਲਾਫ ਲੜਾਈ ਲੜਨ ਦੀ ਪ੍ਰੇਰਣਾ ਤੁਹਾਨੂੰ ਕਿੱਥੋਂ ਮਿਲੀ ?**

ਅੱਤਵਾਦ ਦਾ ਦੌਰ ਬੇਹੱਦ ਚੁਣੌਤੀਪੂਰਨ ਸੀ। ਉਸ ਸਮੇਂ ਦੇਸ਼ ਅਤੇ ਪੰਜਾਬ ਦੀ ਸੁਰੱਖਿਆ ਸਭ ਤੋਂ ਵੱਡੀ ਪਹਿਲ ਸੀ। ਕੁਰਬਾਨੀਆਂ 'ਚੋਂ ਕਈ ਵਾਰ ਕੁਝ ਨਾ ਕੁਝ ਨਿਕਲਦਾ ਹੈ। ਅਸੀਂ ਆਜ਼ਾਦੀ ਦੀ, ਅੱਤਵਾਦ ਦੇ ਦੌਰ ਦੀ, ਹਜ਼ਾਰਾਂ ਬੇਗੁਨਾਹਾਂ ਦੇ ਕਤਲੇਆਮ ਦੀ ਦਾਸਤਾਨ ਦੇਖੀ ਹੈ। ਪੰਜਾਬ ਦੀ ਧਰਤੀ ਪਵਿੱਤਰ ਰਹੇ, ਦੇਸ਼ ਸੁਰੱਖਿਅਤ ਰਹੇ, ਇਸ ਲਈ ਅਸੀਂ ਅੱਤਵਾਦ ਹੀ ਨਹੀਂ ਸਗੋਂ ਹਰ ਉਸ ਚੀਜ਼ ਨਾਲ ਲੜ ਰਹੇ ਹਾਂ ਜੋ ਦੇਸ਼ ਦੇ ਅਮਨ-ਚੈਨ ਲਈ ਘਾਤਕ ਹੈ।

- **ਅੱਤਵਾਦ ਖਿਲਾਫ ਸੰਘਰਸ਼ 'ਚ ਤੁਸੀਂ ਕਈ ਵਾਰ ਹਮਲਿਆਂ ਦਾ ਸਾਹਮਣਾ ਕੀਤਾ, ਕੀ ਕਦੇ ਲੱਗਿਆ ਕਿ ਇਹ ਲੜਾਈ ਛੱਡ ਦੇਣੀ ਚਾਹੀਦੀ ਹੈ ?**

ਮੇਰੇ ਜੀਵਨ 'ਚ ਬਹੁਤ ਸੰਘਰਸ਼ ਰਿਹਾ ਹੈ। ਕਈ ਵਾਰ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਪਰ ਮੈਂ ਕਦੇ ਆਪਣੇ ਵਿਚਾਰਾਂ ਅਤੇ ਦੇਸ਼ ਪ੍ਰਤੀ ਜ਼ਿੰਮੇਵਾਰੀ ਤੋਂ ਪਿੱਛੇ ਹਟਣ ਬਾਰੇ ਨਹੀਂ ਸੋਚਿਆ।

ਪੰਜਾਬ 'ਚ ਜਿਨ੍ਹਾਂ ਲੋਕਾਂ ਨੇ ਅੱਤਵਾਦ ਖਿਲਾਫ ਸੰਘਰਸ਼ ਕੀਤਾ, ਉਨ੍ਹਾਂ ਨੇ ਆਪਣੀ ਜਾਨ ਅਤੇ ਪਰਿਵਾਰ ਤੱਕ ਦੀ ਪ੍ਰਵਾਹ ਨਹੀਂ ਕੀਤੀ। ਮੈਂ ਉਨ੍ਹਾਂ ਕੁਰਬਾਨੀਆਂ ਨੂੰ ਕਦੇ ਵਿਅਰਥ ਨਹੀਂ ਮੰਨਦਾ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਪੰਜਾਬ ਦੀ ਸ਼ਾਂਤੀ ਅਤੇ ਦੇਸ਼ ਦੀ ਅਖੰਡਤਾ ਤੋਂ ਵੱਡਾ ਕੋਈ ਨਿੱਜੀ ਹਿੱਤ ਨਹੀਂ ਹੋ ਸਕਦਾ।

- **ਪੰਜਾਬ 'ਚ ਪੁਲਸ ਮੁਲਾਜ਼ਮਾਂ ਅਤੇ ਆਮ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਤੁਸੀਂ ਕੀ ਸੋਚਦੇ ਹੋ ?**

ਕੁਰਬਾਨੀਆਂ ਦੇ ਬਾਵਜੂਦ ਅਸੀਂ ਖਤਰਨਾਕ ਪੱਧਰ 'ਤੇ ਚਲੇ ਗਏ। ਅੱਜ ਕੋਈ ਮਾਂ-ਭੈਣ ਸੁਰੱਖਿਅਤ ਨਹੀਂ ਹੈ। ਅੱਜ ਪਾਕਿਸਤਾਨ ਤੋਂ 5000 ਰੁਪਏ ਲੈ ਕੇ ਲੋਕਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅੱਜ ਸੁਰੱਖਿਆ ਇਕ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਸਵਾਲ ਇਹ ਹੈ ਕਿ ਆਮ ਆਦਮੀ ਦੀ ਸੁਰੱਖਿਆ ਕੌਣ ਕਰੇਗਾ ? ਪੁਲਸ ਥਾਣਿਆਂ, ਪੁਲਸ ਲਾਈਨਜ਼ ਅਤੇ ਸੁਰੱਖਿਆ ਬਲਾਂ 'ਤੇ ਵੀ ਜ਼ਿੰਮੇਵਾਰੀਆਂ ਹਨ। ਸੁਰੱਖਿਆ ਦਾ ਮਤਲਬ ਸਿਰਫ ਨੇਤਾਵਾਂ ਨਾਲ ਗੱਡੀਆਂ ਦਾ ਕਾਫਲਾ ਅਤੇ ਹਥਿਆਰਬੰਦ ਜਵਾਨ ਦਿਖਾਉਣਾ ਨਹੀਂ ਹੈ। ਅਸਲੀ ਸੁਰੱਖਿਆ ਉਹ ਹੈ, ਜਿਸ 'ਚ ਆਮ ਨਾਗਰਿਕ ਖੁਦ ਨੂੰ ਸੁਰੱਖਿਅਤ ਮਹਿਸੂਸ ਕਰੇ।

ਪੰਜਾਬ 'ਚ ਨਸ਼ੇ ਦਾ ਕਾਰੋਬਾਰ ਕਿਵੇਂ ਖਤਮ ਹੋਵੇਗਾ ?

ਪੰਜਾਬ 'ਚ ਅੱਜ ਘਰ-ਘਰ, ਪਿੰਡ-ਪਿੰਡ ਨਸ਼ਾ ਵਿਕ ਰਿਹਾ ਹੈ। ਆਪਣੀ ਸੱਭਿਅਤਾ ਲਈ ਦੇਸ਼-ਦੁਨੀਆ 'ਚ ਮਸ਼ਹੂਰ ਪੰਜਾਬ ਨੂੰ 'ਉੱਡਦਾ ਪੰਜਾਬ' ਬਣਾ ਦਿੱਤਾ ਗਿਆ। ਇਹ ਸਿਰਫ ਬੀ. ਐੱਸ. ਐੱਫ. ਜਾਂ ਪੁਲਸ ਦੀ ਜ਼ਿੰਮੇਵਾਰੀ ਨਹੀਂ ਹੈ। ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਵੀ ਜਾਗਰੂਕ ਹੋਣਾ ਪਵੇਗਾ। ਰਾਜਸਥਾਨ ਤੇ ਗੁਜਰਾਤ ਦੇ ਸਰਹੱਦੀ ਇਲਾਕਿਆਂ 'ਚ ਮੈਂ ਦੇਖਿਆ ਹੈ ਕਿ ਸਥਾਨਕ ਲੋਕ ਸ਼ੱਕੀ ਸਰਗਰਮੀਆਂ ਦੀ ਸੂਚਨਾ ਸੁਰੱਖਿਆ ਏਜੰਸੀਆਂ ਤੱਕ ਪਹੁੰਚਾਉਣ ਲਈ ਸੰਗਠਿਤ ਹੋ ਕੇ ਕੰਮ ਕਰਦੇ ਹਨ। ਪੰਜਾਬ 'ਚ ਵੀ ਅਜਿਹੀ ਜਾਗਰੂਕਤਾ ਜ਼ਰੂਰੀ ਹੈ।

ਸਿੱਖ ਧਰਮ ਦੀ ਪਛਾਣ ਨੂੰ ਲੈ ਕੇ ਅੱਜ ਤੁਸੀਂ ਕਿਸ ਤਰ੍ਹਾਂ ਦੀ ਚੁਣੌਤੀ ਮਹਿਸੂਸ ਕਰਦੇ ਹੋ ?

ਸਿੱਖ ਧਰਮ ਦੀ ਸਭ ਤੋਂ ਵੱਡੀ ਪਛਾਣ ਸੇਵਾ, ਹਿੰਮਤ ਤੇ ਮਨੁੱਖਤਾ ਹੈ। ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਇਸ ਗੱਲ ਦਾ ਸੰਦੇਸ਼ ਦਿੰਦੇ ਹਨ ਕਿ ਇੱਥੇ ਹਰ ਧਰਮ ਤੇ ਹਰ ਭਾਈਚਾਰੇ ਦੇ ਵਿਅਕਤੀ ਦਾ ਸਵਾਗਤ ਹੈ। ਉੱਥੇ ਵੱਖ-ਵੱਖ ਧਰਮਾਂ ਦੇ ਲੋਕ ਸੇਵਾ ਕਰਦੇ ਹਨ। ਅੱਜ ਜੇਕਰ ਕੁਝ ਲੋਕ ਸੋਸ਼ਲ ਮੀਡੀਆ 'ਤੇ ਹਿੰਸਾ, ਧਮਕੀ ਅਤੇ ਵੱਢਣ-ਮਾਰਨ ਵਾਲੀ ਭਾਸ਼ਾ ਦੀ ਵਰਤੋਂ ਕਰਦੇ ਹਨ ਤਾਂ ਇਸ ਨਾਲ ਸਿੱਖ ਧਰਮ ਦੀ ਮੂਲ ਭਾਵਨਾ ਨੂੰ ਨੁਕਸਾਨ ਪਹੁੰਚਦਾ ਹੈ। ਸਾਨੂੰ ਆਪਣੀ ਪਛਾਣ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਸੇਵਾ ਦੇ ਮਾਧਿਅਮ ਨਾਲ ਮਜ਼ਬੂਤ ਕਰਨਾ ਚਾਹੀਦਾ ਹੈ। ਨੌਜਵਾਨਾਂ ਨੂੰ ਇਹ ਸਮਝਣਾ ਹੋਵੇਗਾ ਕਿ ਸਿੱਖ ਹੋਣਾ ਸਿਰਫ ਬਾਹਰੀ ਪਛਾਣ ਜਾਂ ਪਹਿਰਾਵੇ ਤੱਕ ਸੀਮਤ ਨਹੀਂ ਹੈ। ਗੁਰੂ ਸਾਹਿਬਾਨ ਨੇ ਸਾਨੂੰ ਜੋ ਸਿੱਖਿਆਵਾਂ ਦਿੱਤੀਆਂ ਹਨ, ਉਨ੍ਹਾਂ ਨੂੰ ਆਪਣੇ ਜੀਵਨ 'ਚ ਉਤਾਰਨਾ ਵੀ ਜ਼ਰੂਰੀ ਹੈ।

- **ਕੀ ਵਿਦੇਸ਼ਾਂ ਤੋਂ ਚੱਲਣ ਵਾਲੀਆਂ ਸਰਗਰਮੀਆਂ ਵੀ ਦੇਸ਼ ਦੀ ਸ਼ਾਂਤੀ ਲਈ ਚੁਣੌਤੀ ਹਨ ?**

ਸਾਨੂੰ ਇਸ ਗੱਲ ਨੂੰ ਗੰਭੀਰਤਾ ਨਾਲ ਸਮਝਣਾ ਪਵੇਗਾ ਕਿ ਦੇਸ਼ ਵਿਰੋਧੀ ਸਰਗਰਮੀਆਂ ਦੇ ਪਿੱਛੇ ਕੌਣ ਲੋਕ ਹਨ ਅਤੇ ਉਨ੍ਹਾਂ ਨੂੰ ਆਰਥਿਕ ਮਦਦ ਕਿੱਥੋਂ ਮਿਲ ਰਹੀ ਹੈ। ਪਾਕਿਸਤਾਨ ਤੇ ਆਈ. ਐੱਸ. ਆਈ. ਦੀਆਂ ਸਰਗਰਮੀਆਂ ਨੂੰ ਲੈ ਕੇ ਚੌਕਸ ਰਹਿਣਾ ਜ਼ਰੂਰੀ ਹੈ। ਨਾਲ ਹੀ ਅਜਿਹੀਆਂ ਸਰਗਰਮੀਆਂ 'ਚ ਸ਼ਾਮਲ ਲੋਕਾਂ ਦੀ ਪਛਾਣ ਤੇ ਜਾਂਚ ਹੋਣੀ ਚਾਹੀਦੀ ਹੈ। ਵਿਦੇਸ਼ਾਂ ਤੋਂ ਚੱਲਣ ਵਾਲੀਆਂ ਸਰਗਰਮੀਆਂ ਅੱਜ ਪੰਜਾਬ ਦੇ ਨਾਲ-ਨਾਲ ਦੇਸ਼ ਲਈ ਵੀ ਚੁਣੌਤੀ ਬਣੀਆਂ ਹੋਈਆਂ ਹਨ।

ਸੋਸ਼ਲ ਮੀਡੀਆ ਅਤੇ ਯੂ-ਟਿਊਬ ਚੈਨਲਾਂ ਦੀ ਵਧਦੀ ਗਿਣਤੀ ਨੂੰ ਤੁਸੀਂ ਕਿਸ ਨਜ਼ਰੀਏ ਤੋਂ ਦੇਖਦੇ ਹੋ ?

ਸੋਸ਼ਲ ਮੀਡੀਆ ਅੱਜ ਬਹੁਤ ਤਾਕਤਵਰ ਮਾਧਿਅਮ ਬਣ ਚੁੱਕਾ ਹੈ ਪਰ ਬਦਕਿਸਮਤੀ ਨਾਲ ਕੁਝ ਲੋਕ ਵਿਊਜ਼ ਅਤੇ ਪੈਸੇ ਕਮਾਉਣ ਲਈ ਅਜਿਹੀਆਂ ਵੀਡੀਓਜ਼ ਬਣਾਉਂਦੇ ਹਨ, ਜਿਨ੍ਹਾਂ ਨਾਲ ਸਮਾਜ 'ਚ ਵਿਵਾਦ ਤੇ ਤਣਾਅ ਪੈਦਾ ਹੁੰਦਾ ਹੈ। ਕਿਸੇ ਨੂੰ ਵੀ ਬਿਨਾਂ ਸਬੂਤ ਦੇ ਅਪਰਾਧੀ, ਅੱਤਵਾਦੀ ਜਾਂ ਦੇਸ਼ ਵਿਰੋਧੀ ਦੱਸਣਾ ਸਹੀ ਨਹੀਂ ਹੈ। ਪੱਤਰਕਾਰੀ ਦਾ ਮਕਸਦ ਤੱਥਾਂ ਨੂੰ ਸਾਹਮਣੇ ਲਿਆਉਣਾ ਹੋਣਾ ਚਾਹੀਦਾ ਹੈ, ਨਾ ਕਿ ਕਿਸੇ ਵਿਅਕਤੀ ਦਾ ਅਕਸ ਖਰਾਬ ਕਰਨਾ। ਮੈਂ ਕਈ ਯੂ-ਟਿਊਬ ਚੈਨਲਾਂ ਦੇ ਖਿਲਾਫ ਵੱਖ-ਵੱਖ ਜਗ੍ਹਾ 'ਤੇ ਮਾਮਲੇ ਦਰਜ ਕਰਵਾਏ ਹਨ। ਮੇਰਾ ਮੰਨਣਾ ਹੈ ਕਿ ਮੀਡੀਆ ਨੂੰ ਆਪਣੀ ਲਛਮਣ ਰੇਖਾ ਸਮਝਣੀ ਚਾਹੀਦੀ ਹੈ। ਪ੍ਰਗਟਾਵੇ ਦੀ ਆਜ਼ਾਦੀ ਦਾ ਮਤਲਬ ਇਹ ਨਹੀਂ ਕਿ ਕਿਸੇ ਦੇ ਸਨਮਾਨ ਅਤੇ ਸਮਾਜ ਦੀ ਸ਼ਾਂਤੀ ਨੂੰ ਨੁਕਸਾਨ ਪਹੁੰਚਾਇਆ ਜਾਵੇ।

- **ਸੀ.ਜੇ.ਪੀ. ਦੇ ਅੰਦੋਲਨ ਦੀ ਰਾਜਨੀਤੀ ਨੂੰ ਤੁਸੀਂ ਕਿਸ ਤਰ੍ਹਾਂ ਦੇਖਦੇ ਹੋ ?**

ਭਾਰਤ ਇਕ ਲੋਕਤੰਤਰਿਕ ਦੇਸ਼ ਹੈ ਅਤੇ ਇੱਥੇ ਹਰ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਅਧਿਕਾਰ ਹੈ। ਜੇਕਰ ਕਿਸੇ ਨੂੰ ਸਰਕਾਰ ਜਾਂ ਕਿਸੇ ਫੈਸਲੇ ਤੋਂ ਸ਼ਿਕਾਇਤ ਹੈ ਤਾਂ ਉਹ ਪ੍ਰਧਾਨ ਮੰਤਰੀ, ਰਾਸ਼ਟਰਪਤੀ ਜਾਂ ਸਬੰਧਤ ਸੰਸਥਾਵਾਂ ਤੱਕ ਆਪਣੀ ਗੱਲ ਪਹੁੰਚਾ ਸਕਦਾ ਹੈ ਪਰ ਵਿਰੋਧ ਦੇ ਨਾਂ 'ਤੇ ਦੇਸ਼ ਨੂੰ ਕਮਜ਼ੋਰ ਕਰਨਾ, ਹਿੰਸਾ ਫੈਲਾਉਣਾ ਜਾਂ ਸਮਾਜ 'ਚ ਅੱਗ ਲਾਉਣ ਦੀ ਕੋਸ਼ਿਸ਼ ਕਰਨਾ ਸਹੀ ਨਹੀਂ ਹੈ। ਸਾਨੂੰ ਅਧਿਕਾਰਾਂ ਦੇ ਨਾਲ ਆਪਣੀਆਂ ਜ਼ਿੰਮੇਵਾਰੀਆਂ ਨੂੰ ਵੀ ਸਮਝਣਾ ਹੋਵੇਗਾ। ਕਾਕਰੋਚ ਕੋਈ ਪਾਰਟੀ ਨਹੀਂ, ਸਗੋਂ ਦੇਸ਼ ਨੂੰ ਤੋੜਨ ਦੀ ਇਕ ਸਾਜ਼ਿਸ਼ ਹੈ।

ਢਾਕਾ ਦੇ ਇਲਾਕਿਆਂ ਨੂੰ ਦਿੱਲੀ ਦਾ ਦੱਸ ਕੇ ਭਾਰਤ ਨੂੰ ਬਦਨਾਮ ਕਰ ਰਿਹਾ ਚੀਨੀ ਬਲੌਗਰ ਸਮੂਹ

ਨਵੀਂ ਦਿੱਲੀ, 10 ਨਵੰਬਰ (ਏਜੰਸੀ)– ਚੀਨੀ ਬਲੌਗਰਾਂ ਅਤੇ ਲਾਈਵਸਟ੍ਰੀਮ ਕਰਨ ਵਾਲਿਆਂ ਦੇ ਇਕ ਸਮੂਹ 'ਤੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਪੱਛੜੇ ਇਲਾਕਿਆਂ ਵਿਚ ਵੀਡੀਓ ਬਣਾ ਕੇ ਉਨ੍ਹਾਂ ਨੂੰ ਨਵੀਂ ਦਿੱਲੀ ਦਾ ਦੱਸਣ ਅਤੇ ਕਥਿਤ ਤੌਰ 'ਤੇ ਯੋਜਨਾਬੱਧ ਭਾਰਤ-ਵਿਰੋਧੀ ਮੁਹਿੰਮ ਚਲਾਉਣ ਦਾ ਦੋਸ਼ ਹੈ।

ਸੂਤਰਾਂ ਨੇ ਕਿਹਾ ਕਿ ਇਹ ਮੁਹਿੰਮ ਸਿਰਫ ਗ਼ਰੀਬੀ ਨੂੰ ਦਿਖਾਉਣ ਤੱਕ ਸੀਮਤ ਨਹੀਂ ਹੈ, ਸਗੋਂ ਇਸ ਵਿਚ ਜਾਣਬੁੱਝ ਕੇ ਦੂਜੇ ਦੇਸ਼ ਦੇ ਸਥਾਨਾਂ ਅਤੇ ਉੱਥੋਂ ਦੀਆਂ ਜੀਵਨ ਹਾਲਤਾਂ ਨੂੰ ਭਾਰਤ ਦਾ ਦੱਸ ਕੇ ਪੇਸ਼ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਅਪਮਾਨਜਨਕ ਟਿੱਪਣੀਆਂ ਵੀ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨਾਲ ਅੰਤਰਰਾਸ਼ਟਰੀ ਦਰਸ਼ਕਾਂ ਵਿਚਕਾਰ ਭਾਰਤੀ ਸਮਾਜ ਨੂੰ ਲੈ ਕੇ ਧਾਰਨਾ ਪ੍ਰਭਾਵਿਤ ਹੋ ਸਕਦੀ ਹੈ। ਸੂਤਰਾਂ ਅਨੁਸਾਰ ਉਪਲਬਧ ਰਿਪੋਰਟਾਂ ਸਪੱਸ਼ਟ ਰੂਪ ਵਿਚ ਇਕ ਯੋਜਨਾਬੱਧ ਭਾਰਤ-ਵਿਰੋਧੀ ਮੁਹਿੰਮ ਵੱਲ ਇਸ਼ਾਰਾ ਕਰਦੀਆਂ ਹਨ।

ਸੂਤਰਾਂ ਨੇ ਦੱਸਿਆ ਕਿ ਹਾਲੀਆ ਰਿਪੋਰਟਾਂ ਅਨੁਸਾਰ ਚੀਨੀ ਬਲੌਗਰਾਂ ਅਤੇ ਲਾਈਵਸਟ੍ਰੀਮ ਕਰਨ ਵਾਲਿਆਂ ਦਾ ਇਹ ਸਮੂਹ ਬੰਗਲਾਦੇਸ਼ ਦੇ ਢਾਕਾ ਦੇ ਪੱਛੜੇ ਇਲਾਕਿਆਂ ਵਿਚ ਵੀਡੀਓ ਬਣਾ ਰਿਹਾ ਹੈ ਅਤੇ ਇਨ੍ਹਾਂ ਸਥਾਨਾਂ ਨੂੰ ਗ਼ਲਤ ਤਰੀਕੇ ਨਾਲ ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦਾ ਹਿੱਸਾ ਦੱਸ ਰਿਹਾ ਹੈ। ਸੂਤਰਾਂ ਨੇ ਕਿਹਾ ਕਿ ਅਜਿਹੀਆਂ ਖ਼ਬਰਾਂ ਹਨ ਕਿ ਕਰੀਬ 150 ਚੀਨੀ ਨਾਗਰਿਕ ਢਾਕਾ ਦੇ ਟੋਕਪਾੜਾ ਅਤੇ ਉੱਤਰਾ ਇਲਾਕਿਆਂ ਵਿਚ ਵੀਡੀਓ ਬਣਾਉਣ ਅਤੇ ਲਾਈਵ ਪ੍ਰਸਾਰਨ ਕਰਨ ਵਿਚ ਸ਼ਾਮਲ ਰਹੇ ਹਨ।



ਟਰੰਪ ਨੇ ਦੇਸ਼ ਨਿਕਾਲਾ ਨੀਤੀ 'ਚ 'ਕਿਸੇ ਵੀ ਤਰ੍ਹਾਂ ਦੀ ਰਿਆਇਤ' ਨੂੰ ਕੀਤਾ ਖਾਰਜ

ਮੈਰੀਲੈਂਡ, 10 ਨਵੰਬਰ (ਏਜੰਸੀ)– ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਮੀਗ੍ਰੇਸ਼ਨ ਸਬੰਧੀ ਆਪਣੀ ਨੀਤੀ ਨੂੰ ਬੇਹੱਦ ਸਖ਼ਤ ਦੱਸਦਿਆਂ ਇਸ ਵਿਚ ਬਦਲਾਅ ਲਈ ਡੈਮੋਕ੍ਰੇਟਿਕ ਪਾਰਟੀ ਨਾਲ ਸਮਝੌਤਾ ਕਰਨ ਦੀ ਸੰਭਾਵਨਾ ਪ੍ਰਗਟਾਉਣ ਤੋਂ ਬਾਅਦ ਸੋਮਵਾਰ ਨੂੰ ਆਪਣੇ ਪ੍ਰਸ਼ਾਸਨ ਦੀ ਦੇਸ਼ ਨਿਕਾਲਾ ਨੀਤੀ ਦਾ ਬਚਾਅ ਕੀਤਾ ਅਤੇ ਕਿਹਾ ਕਿ ਉਹ ਅਜਿਹੇ ਕਿਸੇ ਵੀ ਇਮੀਗ੍ਰੇਸ਼ਨ ਸਮਝੌਤੇ ਦੇ ਖ਼ਿਲਾਫ਼ ਹਨ, ਜਿਸ ਵਿਚ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ 'ਆਮ ਮੁਆਫੀ' ਦੇਣ ਦੀ ਤਜਵੀਜ਼ ਹੋਵੇ।

ਟਰੰਪ ਦੀ ਇਹ ਟਿੱਪਣੀ ਗ੍ਰਹਿ ਮੰਤਰੀ ਮਾਰਕਵੇਨ ਮੁਲਿਨ ਦੇ ਉਸ ਬਿਆਨ ਤੋਂ ਬਾਅਦ ਆਈ, ਜਿਸ ਵਿਚ ਉਨ੍ਹਾਂ ਸੋਮਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਨੂੰ ਇਮੀਗ੍ਰੇਸ਼ਨ ਨੀਤੀ 'ਤੇ ਮਿਲ ਕੇ ਕੰਮ ਕਰਨ ਦੇ ਇੱਛੁਕ ਡੈਮੋਕ੍ਰੇਟਿਕ ਆਗੂਆਂ ਦੇ ਫ਼ੋਨ ਆ ਰਹੇ ਹਨ ਪਰ ਉਹ ਅਜਿਹੇ ਕਿਸੇ ਵੀ ਸਮਝੌਤੇ ਦੇ ਸਖ਼ਤ ਖ਼ਿਲਾਫ਼ ਹਨ, ਜਿਸ ਵਿਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਆਮ ਮੁਆਫੀ ਦੇਣ ਦੀ ਤਜਵੀਜ਼ ਹੋਵੇ। ਮੱਧਕਾਲੀ ਚੋਣਾਂ ਤੋਂ ਇਹ ਸਪੱਸ਼ਟ ਹੋ ਗਿਆ ਕਿ ਵੋਟਰ ਪ੍ਰਸ਼ਾਸਨ ਦੀਆਂ ਸਖ਼ਤ ਇਮੀਗ੍ਰੇਸ਼ਨ ਨੀਤੀਆਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਤੋਂ ਨਾਰਾਜ਼ ਹਨ।



ਹਾਲਾਂਕਿ, ਟਰੰਪ ਅਤੇ ਮੁਲਿਨ ਦੀਆਂ ਟਿੱਪਣੀਆਂ ਨਾਲ ਚੋਣਾਂ ਤੋਂ ਬਾਅਦ ਪ੍ਰਸ਼ਾਸਨ ਦੇ ਆਪਾ ਵਿਰੋਧੀ ਸੁਨੇਹੇ ਸਾਹਮਣੇ ਆਏ। ਇਸ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਡੈਮੋਕ੍ਰੇਟਸ ਦੇ ਕੰਟਰੋਲ ਵਾਲੀ ਨਵੀਂ ਕਾਂਗਰਸ (ਅਮਰੀਕੀ ਸੰਸਦ) ਲਈ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਕੋਈ ਆਮ ਸਹਿਮਤੀ ਬਣਾਉਣਾ ਕਿੰਨਾ ਮੁਸ਼ਕਿਲ ਹੋਵੇਗਾ। ਇਮੀਗ੍ਰੇਸ਼ਨ ਦਾ ਵਿਸ਼ਾ ਲੰਬੇ ਸਮੇਂ ਤੋਂ 'ਕਾਂਗਰਸ' ਦੇ ਸਾਹਮਣੇ ਸਭ ਤੋਂ ਉਲਝੇ ਹੋਏ ਮੁੱਦਿਆਂ 'ਚੋਂ ਇਕ ਰਿਹਾ ਹੈ।

ਦੇਸ਼ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਆਪਣੀ ਕਾਨੂੰਨੀ ਸਥਿਤੀ ਨਿਯਮਿਤ ਕਰਨ ਦਾ ਰਸਤਾ ਦੇਣ ਵਾਲੇ ਕਿਸੇ ਵੀ ਸਮਝੌਤੇ ਨੂੰ ਅਕਸਰ ਇਮੀਗ੍ਰੇਸ਼ਨ ਵਿਰੋਧੀ ਆਲੋਚਕ 'ਆਮ ਮੁਆਫੀ' ਦਾ ਨਾਂ ਦੇ ਦਿੰਦੇ ਹਨ ਪਰ ਇਸ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਜੋ ਲੋਕ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਜਿਨ੍ਹਾਂ ਨੇ ਇਥੇ ਕੰਮ ਕੀਤਾ ਹੈ ਅਤੇ ਆਪਣੇ ਪਰਿਵਾਰ ਵਸਾਏ ਹਨ, ਉਨ੍ਹਾਂ ਨੂੰ ਵੀ ਆਪਣੀ ਸਥਿਤੀ ਕਾਨੂੰਨੀ ਤੌਰ 'ਤੇ ਮਜ਼ਬੂਤ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ।

ਟੈਕਸਾਸ ਦੇ ਬਿਗ ਬੈਂਡ ਵਿਚ ਸਰਹੱਦੀ ਕੰਧ ਦੇ ਨਿਰਮਾਣ ਦਾ ਰਸਤਾ ਸਾਫ਼

ਅਮਰੀਕੀ ਸੁਪਰੀਮ ਕੋਰਟ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੂੰ ਟੈਕਸਾਸ ਦੇ ਬਿਗ ਬੈਂਡ ਖੇਤਰ ਵਿਚ ਸਰਹੱਦੀ ਕੰਧ ਦਾ ਨਿਰਮਾਣ ਫਿਰ ਸ਼ੁਰੂ ਕਰਨ ਦੀ ਸੋਮਵਾਰ ਨੂੰ ਇਜਾਜ਼ਤ ਦੇ ਦਿੱਤੀ। ਅਦਾਲਤ ਦਾ ਇਹ ਫੈਸਲਾ ਇਸ ਪ੍ਰਾਜੈਕਟ ਦਾ ਵਿਰੋਧ ਕਰ ਰਹੇ ਦੋਵਾਂ ਪ੍ਰਮੁੱਖ ਸਿਆਸੀ ਦਲਾਂ- ਰਿਪਬਲਿਕਨ ਪਾਰਟੀ ਅਤੇ ਡੈਮੋਕ੍ਰੇਟਿਕ ਪਾਰਟੀ ਦੇ ਆਗੂਆਂ ਲਈ ਵੱਡਾ ਝਟਕਾ ਹੈ। ਵਿਰੋਧੀਆਂ ਦੀ ਦਲੀਲ ਹੈ ਕਿ ਇਹ ਪ੍ਰਾਜੈਕਟ ਸਰਕਾਰੀ ਧਨ ਦੀ ਬਰਬਾਦੀ ਹੈ ਅਤੇ ਇਸ ਨਾਲ ਖੇਤਰ ਦੀ ਕੁਦਰਤੀ ਸੁੰਦਰਤਾ ਨੂੰ ਗੰਭੀਰ ਨੁਕਸਾਨ ਪਹੁੰਚ ਸਕਦਾ ਹੈ। ਸਰਹੱਦੀ ਕੰਧ ਦਾ ਨਿਰਮਾਣ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਪ੍ਰਮੁੱਖ ਯੋਜਨਾਵਾਂ ਵਿਚ ਸ਼ਾਮਲ ਹੈ।

ਚੰਦਰਮਾ 'ਤੇ ਪਹਿਲਾ ਮਾਨਵ ਬੇਸ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ




ਲਾਸ ਏਂਜਲਸ, (ਏਜੰਸੀ)– ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਧਰਤੀ ਤੋਂ ਬਾਹਰ ਪੁਲਾੜ ਵਿਚ ਚੰਦਰਮਾ 'ਤੇ ਪਹਿਲਾ ਮਾਨਵ ਬੇਸ ਬਣਾਉਣ ਦੀ ਯੋਜਨਾ 'ਤੇ ਕੰਮ ਸ਼ੁਰੂ ਕਰ ਦਿੱਤਾ ਹੈ। ਇਸ ਦੇ ਲਈ ਰੋਡਮੈਪ ਬਣ ਚੁੱਕਾ ਹੈ ਅਤੇ ਅਰਬਾਂ ਡਾਲਰ ਦੇ ਕਰਾਰ ਕੀਤੇ ਗਏ ਹਨ। ਇਨ੍ਹਾਂ ਕਰਾਰਾਂ ਤਹਿਤ ਕਮਰਸ਼ੀਅਲ ਰੋਬੋਟਿਕ ਸੇਵਾਵਾਂ ਅਤੇ ਜ਼ਮੀਨੀ ਢਾਂਚੇ 'ਤੇ ਕੰਮ ਕੀਤਾ ਜਾਵੇਗਾ।

ਦੱਖਣੀ ਧਰੁਵ 'ਤੇ ਹੋਵੇਗੀ ਬਸਤੀ

ਨਾਸਾ ਅਤੇ ਉਸ ਦੇ ਨਿੱਜੀ ਭਾਈਵਾਲ ਚੰਦ ਦੇ ਦੱਖਣੀ ਧਰੁਵ ਨੇੜੇ ਇਕ ਵਿਸਤ੍ਰਿਤ ਰਿਸਰਚ ਸੈਂਟਰ ਅਤੇ ਰਹਿਣ ਦਾ ਟਿਕਾਣਾ ਵਿਕਸਿਤ ਕਰ ਰਹੇ ਹਨ। ਇਥੇ ਪੁਲਾੜ ਯਾਤਰੀ ਲੰਬੇ ਸਮੇਂ ਤੱਕ ਰੁਕ ਕੇ ਵਿਗਿਆਨਕ ਖੋਜਾਂ ਕਰ ਸਕਣਗੇ। ਅਮਰੀਕਾ 2032 ਤੱਕ ਉਥੇ ਪਹਿਲੀ ਮਾਨਵ ਬਸਤੀ ਬਣਾਉਣ ਦੀ ਯੋਜਨਾ ਰੱਖਦਾ ਹੈ। ਉਥੇ ਹੀ ਚੀਨ ਵੀ ਇਸ ਦੌੜ ਵਿਚ ਸ਼ਾਮਲ ਹੈ, ਉਹ 2030 ਤੱਕ ਚੰਦ 'ਤੇ ਆਪਣਾ ਬੇਸ ਬਣਾਉਣ ਦਾ ਟੀਚਾ ਰੱਖਦਾ ਹੈ।

ਪੰਨੂ ਕਤਲ ਸਾਜ਼ਿਸ਼ ਮਾਮਲੇ 'ਚ ਭਾਰਤ ਸਰਕਾਰ ਦੀਆਂ ਕਾਨੂੰਨੀ ਮੁਸ਼ਕਲਾਂ ਵਧੀਆਂ, ਅਮਰੀਕਾ ਨੇ ਪਹੁੰਚਾਏ ਅਦਾਲਤੀ ਸੰਮਨ

- **ਅਜੀਤ ਡੋਭਾਲ ਤੇ ਸਾਬਕਾ ਰਾਅ ਮੁਖੀ ਸਾਮੰਤ ਗੋਇਲ ਨੂੰ ਵੀ ਸੰਮਨ ਭੇਜਣ ਦੀ ਪ੍ਰਕਿਰਿਆ ਨੂੰ ਮਨਜ਼ੂਰੀ, 20 ਨਵੰਬਰ ਨੂੰ ਹੋਵੇਗੀ ਨਿਖਿਲ ਗੁਪਤਾ ਦੀ ਸਜ਼ਾ ਸੁਣਵਾਈ**




ਲੰਡਨ/ਨਿਊਯਾਰਕ, 10 ਨਵੰਬਰ (ਬਨੂੰੜ)– ਅਮਰੀਕਾ ਵਿਚ ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਮਾਮਲੇ ਵਿਚ ਭਾਰਤ ਸਰਕਾਰ ਲਈ ਕਾਨੂੰਨੀ ਚੁਣੌਤੀਆਂ ਵਧ ਗਈਆਂ ਹਨ। ਅਮਰੀਕੀ ਵਿਦੇਸ਼ ਵਿਭਾਗ ਨੇ ਨਿਊਯਾਰਕ ਦੀ ਸੰਘੀ ਅਦਾਲਤ ਨੂੰ ਸੂਚਿਤ ਕੀਤਾ ਹੈ ਕਿ ਪੰਨੂ ਵਲੋਂ ਦਾਇਰ ਸਿਵਲ ਮੁਕੱਦਮੇ ਦੇ ਸੰਮਨ ਕੂਟਨੀਤਕ ਮਾਧਿਅਮ ਰਾਹੀਂ ਵਾਸ਼ਿੰਗਟਨ ਸਥਿਤ ਭਾਰਤੀ ਦੂਤਘਰ ਨੂੰ ਸੌਂਪ ਦਿੱਤੇ ਗਏ ਹਨ।

ਇਸ ਦੇ ਨਾਲ ਹੀ ਜੱਜ ਕੈਥਰੀਨ ਪੋਲਕ ਫੈਲਾ ਨੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ ਅਤੇ 'ਰਾਅ' ਦੇ ਸਾਬਕਾ ਮੁਖੀ ਸਾਮੰਤ ਗੋਇਲ ਨੂੰ ਦਿੱਲੀ ਦੀਆਂ ਅਦਾਲਤਾਂ ਰਾਹੀਂ ਸੰਮਨ ਭੇਜਣ ਦੀ ਪ੍ਰਕਿਰਿਆ ਅੱਗੇ ਵਧਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਪੰਨੂ ਨੂੰ 30 ਨਵੰਬਰ 2026 ਤੱਕ ਲੋੜੀਂਦੇ ਦਸਤਾਵੇਜ਼ ਅਤੇ ਪ੍ਰਸਤਾਵਿਤ ਤਰੀਕਾ ਅਦਾਲਤ ਦੀ ਮਨਜ਼ੂਰੀ ਲਈ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ। ਭਾਰਤੀ ਵਿਦੇਸ਼ ਮੰਤਰਾਲਾ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਅਤੇ ਮਨਘੜਤ ਕਰਾਰ ਦਿੱਤਾ ਹੈ।

ਦੂਜੇ ਪਾਸੇ ਇਸੇ ਮਾਮਲੇ ਨਾਲ ਸਬੰਧਤ ਫ਼ੌਜਦਾਰੀ ਕੇਸ ਵਿਚ ਭਾਰਤੀ ਨਾਗਰਿਕ ਨਿਖਿਲ ਗੁਪਤਾ 13 ਫਰਵਰੀ 2026 ਨੂੰ ਕਿਰਾਏ 'ਤੇ ਕਤਲ ਕਰਵਾਉਣ ਅਤੇ ਮਨੀ ਲਾਂਡਰਿੰਗ ਦੇ ਦੋਸ਼ ਕਬੂਲ ਕਰ ਚੁੱਕਾ ਹੈ। ਨਿਊਯਾਰਕ ਦੀ ਸੰਘੀ ਅਦਾਲਤ ਵਿਚ 20 ਨਵੰਬਰ ਨੂੰ ਉਸ ਦੀ ਸਜ਼ਾ ਸੁਣਾਈ ਜਾਣੀ ਹੈ। ਜਾਂਚ ਏਜੰਸੀਆਂ ਨੇ ਇਸ ਸਾਜ਼ਿਸ਼ ਵਿਚ ਭਾਰਤੀ ਅਧਿਕਾਰੀ ਵਿਕਾਸ ਯਾਦਵ ਦੀ ਕਥਿਤ ਭੂਮਿਕਾ ਦਾ ਵੀ ਜ਼ਿਕਰ ਕੀਤਾ ਹੈ। ਇਸ ਘਟਨਾਚੱਕਰ ਨੇ ਭਾਰਤ-ਅਮਰੀਕਾ ਸਬੰਧਾਂ ਅਤੇ ਵਿਦੇਸ਼ਾਂ ਵਿਚ ਸਿੱਖ ਆਗੂਆਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਰਚਾ ਛੇੜ ਦਿੱਤੀ ਹੈ, ਜਿਸ ਕਾਰਨ ਦੁਨੀਆ ਭਰ ਦੀਆਂ ਨਜ਼ਰਾਂ 20 ਨਵੰਬਰ ਦੀ ਅਦਾਲਤੀ ਕਾਰਵਾਈ 'ਤੇ ਟਿਕੀਆਂ ਹੋਈਆਂ ਹਨ।

ਯੂਕ੍ਰੇਨ ਦੀ ਜੰਗ ਕਾਰਨ ਰੂਸ ਦੇ 4,00,000 ਵਿਅਕਤੀਆਂ ਦੀ ਮੌਤ

ਰੂਸ ਦੇ ਸਰਕਾਰੀ ਅੰਕੜੇ ਸੰਭਾਲਣ ਵਾਲੀ ਏਜੰਸੀ ਰੋਸਟੇਟ ਤੋਂ ਹੈਕ ਕੀਤੇ ਗਏ ਅੰਦਰੂਨੀ ਰਿਕਾਰਡ ਤੋਂ ਸੰਕੇਤ ਮਿਲਦਾ ਹੈ ਕਿ ਯੂਕ੍ਰੇਨ ਨਾਲ ਜੰਗ ਕਾਰਨ ਰੂਸ ਦੇ 4,00,000 ਤੋਂ ਵੱਧ ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ।



ਇਸ ਵਿਚ 2022 ਤੋਂ ਪਹਿਲਾਂ ਦੀਆਂ 16 ਮੌਤਾਂ ਮੌਤਾਂ ਸ਼ਾਮਲ ਨਹੀਂ ਹਨ। ਬਿਨਾਂ ਮਿਤੀ ਵਾਲੀਆਂ 116 ਮੌਤਾਂ ਹਨ। ਇਨ੍ਹਾਂ ਦੀ ਗਿਣਤੀ 24 ਫਰਵਰੀ 2022 ਤੋਂ ਸ਼ੁਰੂ ਹੋਈ ਸੀ। 2026 ਦਾ ਡਾਟਾ ਅਧੂਰਾ ਹੈ। ਇਸ ਵਿਚ 2025 ਦੇ ਆਖਰੀ ਮਹੀਨਿਆਂ ਦੀਆਂ ਮੌਤਾਂ ਦੀ ਗਿਣਤੀ ਸ਼ਾਮਲ ਨਹੀਂ ਹੈ। ਹੋ ਸਕਦਾ ਹੈ ਕਿ ਦੇਰੀ ਕਾਰਨ ਉਨ੍ਹਾਂ ਨੂੰ ਦਰਜ ਨਾ ਕੀਤਾ ਜਾ ਸਕਿਆ ਹੋਵੇ। 8,858 ਮੌਤਾਂ ਦੇ ਸਬੰਧ 'ਚ ਮੌਤ ਦੀ ਮਿਤੀ ਮੌਤ ਦੇ ਸਰਟੀਫਿਕੇਟ 'ਚ ਦਰਜ ਮਿਤੀ ਤੋਂ ਬਾਅਦ ਦੀ ਹੈ। ਰਜਿਸਟਰ 'ਚ ਜੋ ਮਿਤੀ ਹੈ, ਉਸ ਨੂੰ ਹੀ ਲਿਆ ਗਿਆ ਹੈ।

ਸੋਮਾ : ਬਲੂਮਬਰਗ | ਫੋਟੋ : ਗੇਟੀ ਇਮੇਜਿਜ਼ | © ਗ੍ਰਾਫਿਕ ਨਿਊਜ਼

ਬੁਲਗਾਰੀਆ 'ਚ ਸੰਘਣੀ ਧੁੰਦ ਕਾਰਨ 86 ਗੱਡੀਆਂ ਟਕਰਾਈਆਂ; 12 ਮੌਤਾਂ, 46 ਜ਼ਖ਼ਮੀ



ਸੋਫੀਆ, 10 ਨਵੰਬਰ (ਇੰਟ.)– ਬੁਲਗਾਰੀਆ 'ਚ ਮੰਗਲਵਾਰ ਨੂੰ ਸੰਘਣੀ ਧੁੰਦ ਅਤੇ ਤੇਜ਼ ਰਫ਼ਤਾਰ ਕਾਰਨ ਇਕ ਵੱਡਾ ਸੜਕ ਹਾਦਸਾ ਵਾਪਰ ਗਿਆ। ਰਾਜਧਾਨੀ ਸੋਫੀਆ ਨੂੰ ਬੰਦਰਗਾਹ ਸ਼ਹਿਰ ਬਰਗਾਸ ਨਾਲ ਜੋੜਨ ਵਾਲੇ ਹਾਈਵੇਅ 'ਤੇ 86 ਗੱਡੀਆਂ ਆਪਸ ਵਿਚ ਟਕਰਾ ਗਈਆਂ, ਜਿਸ ਵਿਚ 12 ਲੋਕਾਂ ਦੀ ਮੌਤ ਹੋ ਗਈ ਅਤੇ 46 ਜ਼ਖ਼ਮੀ ਹੋ ਗਏ। ਧੁੰਦ ਕਾਰਨ ਵਿਜ਼ੀਬਿਲਟੀ ਘੱਟ ਹੋਣ ਅਤੇ ਦੂਜੇ ਪਾਸੇ ਹੋਏ ਹਾਦਸੇ ਨੂੰ ਦੇਖਣ ਦੇ ਚੱਕਰ ਵਿਚ ਹਾਈਵੇਅ ਦੀਆਂ ਦੋਵਾਂ ਲੇਨਾਂ 'ਤੇ ਗੱਡੀਆਂ ਆਪਸ ਵਿਚ ਭਿੜ ਗਈਆਂ। ਘਟਨਾ ਤੋਂ ਬਾਅਦ ਹਾਈਵੇਅ ਨੂੰ ਦੋਵਾਂ ਪਾਸਿਆਂ ਤੋਂ ਬੰਦ ਕਰ ਦਿੱਤਾ ਗਿਆ।

ਇਸ ਦੁਖਾਂਤ ਕਾਰਨ ਪੈਰਿਸ ਪੀਸ ਫੋਰਮ ਵਿਚ ਹਿੱਸਾ ਲੈਣ ਗਈ ਬੁਲਗਾਰੀਆ ਦੀ ਰਾਸ਼ਟਰਪਤੀ ਇਲਿਆਨਾ ਯੋਤੋਵਾ ਆਪਣਾ ਦੌਰਾ ਵਿਚਾਲੇ ਛੱਡ ਕੇ ਦੇਸ਼ ਪਰਤ ਆਈ। ਦੂਜੇ ਪਾਸੇ ਪ੍ਰਧਾਨ ਮੰਤਰੀ ਰੂਮੇਨ ਰਾਦੇਵ ਵੀ ਯੂਰਪੀਨ ਕਮਿਸ਼ਨ ਦੀ ਪ੍ਰਧਾਨ ਉਰਸੁਲਾ ਵਾਨ ਡੇਰ ਲੇਏਨ ਨਾਲ ਆਪਣੀ ਮੁਲਾਕਾਤ ਰੱਦ ਕਰ ਕੇ ਘਟਨਾ ਵਾਲੀ ਥਾਂ ਲਈ ਰਵਾਨਾ ਹੋ ਗਏ।

ਯਾਂਬੋਲ ਖੇਤਰ ਦੇ ਗਵਰਨਰ ਜੌਰਜੀ ਚਾਲਾਕੋਵ ਅਨੁਸਾਰ ਗੱਡੀਆਂ ਵਿਚ ਫਸੇ ਲੋਕਾਂ ਨੂੰ ਬਾਹਰ ਕੱਢਣ ਲਈ ਬਚਾਅ ਟੀਮਾਂ ਨੂੰ ਸੜਕ ਦੇ ਕਿਨਾਰੇ ਲੱਗੇ ਬੈਰੀਅਰ ਕੱਟਣੇ ਪਏ। ਧੁੰਦ ਜ਼ਿਆਦਾ ਹੋਣ ਕਰਕੇ ਜ਼ਖ਼ਮੀਆਂ ਨੂੰ ਹਸਪਤਾਲ ਪਹੁੰਚਾਉਣ ਲਈ ਹੈਲੀਕਾਪਟਰ ਦੀ ਮਦਦ ਵੀ ਨਹੀਂ ਲਈ ਜਾ ਸਕੀ। ਪ੍ਰਸ਼ਾਸਨ ਅਨੁਸਾਰ ਮਲਬਾ ਹਟਾਉਣ ਤੋਂ ਬਾਅਦ ਹੀ ਹਾਈਵੇਅ ਨੂੰ ਆਵਾਜਾਈ ਲਈ ਦੁਬਾਰਾ ਖੋਲ੍ਹਿਆ ਜਾਵੇਗਾ।

'ਮੱਕਾ ਰੱਖਿਆ ਸਮਝੌਤਾ' ਖੇਤਰੀ ਸਥਿਰਤਾ ਲਈ, ਕਿਸੇ ਦੇਸ਼ ਵਿਰੁੱਧ ਨਹੀਂ : ਇਸ਼ਹਾਕ ਡਾਰ

ਇਸਲਾਮਾਬਾਦ, 10 ਨਵੰਬਰ (ਏਜੰਸੀ)– ਪਾਕਿਸਤਾਨ ਦੇ ਉਪ-ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਇਸ਼ਹਾਕ ਡਾਰ ਨੇ ਕਿਹਾ ਹੈ ਕਿ ਸਾਊਦੀ ਅਰਬ ਅਤੇ ਤੁਰਕੀ ਨਾਲ ਕੀਤਾ ਗਿਆ 'ਮੱਕਾ ਸੰਯੁਕਤ ਰੱਖਿਆ ਸਮਝੌਤਾ' ਕਿਸੇ ਦੇਸ਼ ਦੇ ਖ਼ਿਲਾਫ਼ ਨਹੀਂ ਹੈ, ਸਗੋਂ ਇਸ ਦਾ ਮੁੱਖ ਉਦੇਸ਼ ਖੇਤਰੀ ਸਥਿਰਤਾ ਅਤੇ ਸਮੂਹਿਕ ਸੁਰੱਖਿਆ ਨੂੰ ਮਜ਼ਬੂਤ ਕਰਨਾ ਹੈ।

'ਇਸਲਾਮਾਬਾਦ ਪਾਲਿਸੀ ਰਿਸਰਚ ਇੰਸਟੀਚਿਊਟ' ਦੇ ਇਕ ਸਮਾਗਮ ਵਿਚ ਬੋਲਦਿਆਂ ਡਾਰ ਨੇ ਦੱਸਿਆ ਕਿ 7 ਅਗਸਤ ਨੂੰ ਹੋਏ ਇਸ ਸਮਝੌਤੇ ਤਹਿਤ ਤਿੰਨਾਂ ਵਿਚੋਂ ਕਿਸੇ ਇਕ ਦੇਸ਼ 'ਤੇ ਹਥਿਆਰਬੰਦ ਹਮਲਾ ਸਾਰਿਆਂ 'ਤੇ ਹਮਲਾ ਮੰਨਿਆ ਜਾਵੇਗਾ। ਇਹ ਇਕ ਰੱਖਿਆਤਮਕ ਵਿਵਸਥਾ ਹੈ, ਜੋ ਵਿਸ਼ਵਾਸਯੋਗ ਪ੍ਰਤੀਰੋਧ ਸਮਰੱਥਾ ਨੂੰ ਦਰਸਾਉਂਦੀ ਹੈ।

ਮਸੂਦ ਨੇ ਦੀਵਾਲੀ ਨੂੰ ਦੱਸਿਆ 'ਮਨੁੱਖ ਵਲੋਂ ਪੈਦਾ ਕੀਤੀ ਬੀਮਾਰੀ'

ਭਾਜਪਾ ਨੇ ਕਿਹਾ- ਇਹ ਹਿੰਦੂ ਆਸਥਾ ਦਾ ਅਪਮਾਨ

ਨਵੀਂ ਦਿੱਲੀ, 10 ਨਵੰਬਰ (ਏਜੰਸੀ)– ਕਾਂਗਰਸ ਸੰਸਦ ਮੈਂਬਰ ਇਮਰਾਨ ਮਸੂਦ ਵਲੋਂ ਦਿਵਾਲੀ ਨੂੰ ਇਕ 'ਮਨੁੱਖ ਵਲੋਂ ਪੈਦਾ ਕੀਤੀ ਬੀਮਾਰੀ' (ਮਾਨਵ-ਜਨਿਤ ਰੋਗ) ਦੱਸਣ ਵਾਲੇ ਬਿਆਨ ਨੂੰ ਲੈ ਕੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਨੇ ਇਸ 'ਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਅਤੇ ਕਿਹਾ ਕਿ ਇਹ ਹਿੰਦੂ ਆਸਥਾ, ਸਨਾਤਨ ਧਰਮ ਅਤੇ ਭਾਰਤ ਦੀਆਂ ਸੱਭਿਆਚਾਰਕ ਰਵਾਇਤਾਂ ਦਾ ਅਪਮਾਨ ਹੈ। ਭਾਜਪਾ ਨੇ ਇਹ ਵੀ ਦੋਸ਼ ਲਾਇਆ ਕਿ ਇਹ ਬਿਆਨ ਕਾਂਗਰਸ ਦੀ ਤੁਸ਼ਟੀਕਰਨ ਦੀ ਰਾਜਨੀਤੀ ਅਤੇ ਵੋਟ-ਬੈਂਕ ਵਾਲੀ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਭਾਜਪਾ ਨੇ ਦੋਸ਼ ਲਾਇਆ ਸੀ ਕਿ ਵਿਰੋਧੀ ਧਿਰ ਦੀਵਾਲੀ ਦੇ ਤਿਉਹਾਰ ਨੂੰ ਪ੍ਰਦੂਸ਼ਣ ਨਾਲ ਜੋੜ ਕੇ ਹਿੰਦੂਆਂ ਖ਼ਿਲਾਫ਼ ਇਕ ਨੈਰੇਟਿਵ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਕਾਂਗਰਸ ਸੰਸਦ ਮੈਂਬਰ ਨੇ ਕਿਹਾ, "ਇਹ (ਭਾਜਪਾ ਦੇ) ਲੋਕ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ। ਇਹ ਲੋਕ ਸਿਰਫ਼ ਨਕਾਰਾਤਮਕ ਗੱਲਾਂ ਕਰਦੇ ਹਨ। ਦੀਵਾਲੀ ਹੋਵੇ ਜਾਂ ਪ੍ਰਦੂਸ਼ਣ ਇਹ ਇਨਸਾਨਾਂ ਵਲੋਂ ਪੈਦਾ ਕੀਤੀਆਂ ਬੀਮਾਰੀਆਂ ਹਨ ਅਤੇ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ। ਚਾਹੇ ਉਨ੍ਹਾਂ ਦੀ ਸਰਕਾਰ ਹੋਵੇ ਜਾਂ ਸਾਡੀ ਸਰਕਾਰ ਇਨ੍ਹਾਂ ਮੁੱਦਿਆਂ 'ਤੇ ਜ਼ਿਆਦਾ ਕੁਝ ਨਹੀਂ ਕਰੇਗੀ। ਲੋਕਾਂ ਨੂੰ ਖ਼ੁਦ ਜਾਗਰੂਕ ਹੋਣ ਦੀ ਲੋੜ ਹੈ।" ਭਾਜਪਾ ਦੇ ਰਾਸ਼ਟਰੀ ਬੁਲਾਰੇ ਪ੍ਰੇਮ ਸ਼ੁਕਲਾ ਨੇ ਇਸ ਬਿਆਨ ਨੂੰ ਕਾਂਗਰਸ ਪਾਰਟੀ ਦੀ ਹਿੰਦੂ ਪ੍ਰੰਪਰਾਵਾਂ ਅਤੇ ਧਾਰਮਿਕ ਰੀਤੀ-ਰਿਵਾਜਾਂ ਪ੍ਰਤੀ ਦੁਸ਼ਮਣੀ ਦਾ ਸੰਕੇਤ ਦੱਸਿਆ।

STATE CONSUMER DISPUTES REDRESSAL COMMISSION, PUNJAB SECTOR 37-A, DAKSHIN MARG, CHANDIGARH

No.SCDRC/PB/26/6847 Dated 10-11.2026

First Appeal No.827of 2025
Fixed for: 20.01.2027

PNB Met LIC Appellant(s)
Versus
Amandeep Kaur Respondent(s)

To
Amandeep Kaur D/o Nirvair Singh aged about around 30 years R/o Village Waddi Patti Dhaliwal Bet, District Kapurthala, Pin:-144804 and others (Legal Heirs of Late Sh.Nirvair Singh).

Whereas, the above-mentioned case has been filed before the State Commission, Punjab and whereas, this Commission is satisfied that respondent No. 1 cannot be served in an ordinary manner. Hence, this proclamation is hereby issued against the above named of respondent No.1 directing him/them to appear before Commission either personally or through their authorized agent(s) of counsel on 20.01.2027 at 10:30 A.M. to answer and in the event of their non-appearance,it shall be presumed that they have nothing to say in the matter and the complaint shall be decided ex-parte.

Given under my hand and seal of the Commission on this date 05 05/11.2026

Superintendent (Judicial) For Registrar

ਵੋਟਰ ਸੂਚੀ/ਲਿਸਟਾਂ ਪ੍ਰਵਾਨ ਕਰਨ ਸਬੰਧੀ ਇਤਰਾਜ਼ ਦੇਣ ਸਬੰਧੀ ਨੋਟਿਸ

ਦੀ ਨੂਰਮਹਿਲ ਸਹਿਕਾਰੀ ਮੰਡੀਕਰਨ ਸਭਾ ਲਿਮ. ਨੂਰਮਹਿਲ ਦੀ ਪ੍ਰਬੰਧਕ ਕਮੇਟੀ ਦੀ ਚੋਣ ਸਬੰਧੀ ਤਿਆਰ ਕੀਤੀ ਗਈ ਵੋਟਰ ਸੂਚੀ ਪ੍ਰਵਾਨਗੀ ਹਿੱਤ ਇਸ ਦਫਤਰ ਨੂੰ ਪ੍ਰਾਪਤ ਹੋਈ ਹੈ। ਜੇਕਰ ਇਸ ਸਭਾ ਦੇ ਕਿਸੇ ਹਿੱਸੇਦਾਰ/ਮੈਂਬਰ ਨੂੰ ਇਸ ਵੋਟਰ ਸੂਚੀ ਦੀ ਬਣਤਰ 'ਤੇ ਕੋਈ ਇਤਰਾਜ਼ ਹੋਵੇ ਤਾਂ ਉਹ ਨਿਮਨ-ਹਸਤਾਖਰ ਦੇ ਦਫਤਰ ਵਿਖੇ ਮਿਤੀ 26.11.2026 ਨੂੰ ਸ਼ਾਮ 05.00 ਵਜੇ ਤੱਕ ਲਿਖਤੀ ਰੂਪ ਵਿਚ ਸਬੂਤ ਸਮੇਤ ਇਤਰਾਜ਼ ਦਾਖਲ ਕਰ ਸਕਦਾ ਹੈ। ਪ੍ਰਾਪਤ ਹੋਏ ਇਤਰਾਜ਼ਾਂ ਦੀ ਸੁਣਵਾਈ ਮਿਤੀ 27.11.2026 ਨੂੰ ਸਵੇਰੇ 11.00 ਵਜੇ ਨਿਮਨ-ਹਸਤਾਖਰ ਦੇ ਦਫਤਰ (ਤੀਸਰੀ ਮੰਜ਼ਿਲ, ਸਾਹਮਣੇ ਮੇਨ ਡਾਕਖਾਨਾ, ਜਲੰਧਰ) ਵਿਖੇ ਕੀਤੀ ਜਾਵੇਗੀ। ਇਤਰਾਜ਼ਕਰਤਾ ਖੁਦ ਸੁਣਵਾਈ ਸਮੇਂ ਹਾਜ਼ਰ ਆਉਣ। ਵੋਟਰ ਸੂਚੀ ਦੀ ਇਕ ਇਕ ਕਾਪੀ ਦੀ ਨੂਰਮਹਿਲ ਸਹਿਕਾਰੀ ਮੰਡੀਕਰਨ ਸਭਾ ਲਿਮ. ਨੂਰਮਹਿਲ ਦੇ ਦਫਤਰ, ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਅਤੇ ਨਿਮਨ-ਹਸਤਾਖਰ ਦੇ ਦਫਤਰ ਵਿਖੇ ਰੱਖੀ ਗਈ ਹੈ, ਜੋ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਵੇਖੀ ਜਾ ਸਕਦੀ ਹੈ।

(ਗੁਰਵਿੰਦਰਜੀਤ ਸਿੰਘ) ਪੀ. ਸੀ. ਐੱਸ.-1, ਉਪ ਰਜਿਸਟਰਾਰ ਸਹਿਕਾਰੀ ਸਭਾਵਾਂ, ਜਲੰਧਰ।

India Post भारतीय डाक

ਦਫਤਰ, ਸੀਨੀਅਰ ਸੁਪਰਡੈਂਟ, ਡਾਕਘਰ O/o The Sr. Supdt. Post Offices, ਜਲੰਧਰ ਡਵੀਜ਼ਨ, ਜਲੰਧਰ 144001 Jalandhar Division, Jalandhar 144001.
Memo No: A/Ghurial BO/Satish Kumar
Dated at Jalandhar the 04.11.2026

PUBLIC NOTICE

WHEREAS, it has been established on record that the punishment orders of "Removal from engagement which shall not be a disqualification for future engagement" imposed upon Sh. Satish Kumar, Gramin Dak Sevak, Branch Postmaster, Ghurial Branch Post Office in account with Adda Kathar Sub Post Office, Jalandhar issued vide Memo No. A/Ghurial/Satish Kumar Dated at JL, the 22.10.2026 after conclusion of Disciplinary action initiated vide Memo No. A-1/Ghurial dated 21.12.2023, could not be served upon the Sevak, in ordinary course.

Hence, through this publication, Sh. Satish Kumar is hereby informed that aforesaid penalty has been imposed upon him with immediate effect.

-Sd/- Sr. Supdt. Of Post Offices
Jalandhar Division, Jalandhar 144001.

ਪੰਜਾਬ ਸਰਕਾਰ
ਪੰਜਾਬ ਅਰਬਨ ਪਲਾਨਿੰਗ ਐਂਡ ਡਿਵੈਲਪਮੈਂਟ ਅਥਾਰਟੀ
ਗਲਾਡਾ ਆਫਿਸ, ਰਾਜਗੁਰੂ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ
ਟੈਂਡਰ ਰੈਫਰੈਂਸ ਨੰ. 1149 ਮਿਤੀ : 10.11.2026

ਡਵੀਜ਼ਨਲ ਇੰਜੀਨੀਅਰ (ਸੀ-1), ਪੁੱਡਾ, ਲੁਧਿਆਣਾ ਵੱਲੋਂ ਫਿਰੋਜ਼ਪੁਰ ਵਿਖੇ ਓ. ਯੂ. ਵੀ. ਜੀ. ਐੱਲ. ਸਕੀਮ ਤਹਿਤ ਹਰ ਪੱਖੋਂ ਮੁਕੰਮਲ ਸਿਵਲ, ਜਨ ਸਿਹਤ ਤੇ ਬਿਜਲੀ ਦੇ ਸਾਰੇ ਕੰਮਾਂ ਸਮੇਤ ਮਾਲ ਰੋਡ, ਫਿਰੋਜ਼ਪੁਰ 'ਚ ਡਿਪਟੀ ਡਾਇਰੈਕਟਰ/ਰਜਿਸਟ੍ਰਾਰ ਸਹਿਕਾਰੀ ਸੁਸਾਇਟੀ 'ਚ ਕਮਰਸ਼ੀਅਲ ਪਾਕੇਟ ਦੇ ਵਿਕਾਸ ਲਈ ਆਨਲਾਈਨ ਬੋਲੀਆਂ ਦਾ ਮੁੜ-ਸੱਦਾ ਦਿੱਤਾ ਜਾਂਦਾ ਹੈ।

ਬੰਦ ਹੋਣ ਦੀ ਮਿਤੀ ਤੇ ਸਮਾਂ : 23.11.2026 ਬਾ. ਦੂ. 1 ਵਜੇ

ਵਿਸਤ੍ਰਿਤ ਜਾਣਕਾਰੀ ਲਈ ਲਾਗਇਨ ਕਰੋ : https://eproc.punjab.gov.in

ਨੋਟ : ਟੈਂਡਰ ਨੋਟਿਸ ਸਬੰਧੀ ਕੋਈ ਵੀ ਸੋਧ (†) ਸਿਰਫ ਉਪਰੋਕਤ ਵੈੱਬਸਾਈਟ 'ਤੇ ਦਿੱਤੀ ਜਾਵੇਗੀ।

PR/1716/12/2026-27/16939

ਉੱਤਰ ਰੇਲਵੇ
ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਯਾਂਤਰਿਕ ਇੰਜੀਨੀਅਰ (ਕੋ ਤੇ ਵੈ) ਫਿਰੋਜ਼ਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀਦਾਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜ਼ਤ ਨਹੀਂ ਹੈ।

ਨਿਵਿਦਾ ਪ੍ਰਕਾਰ	ਬੋਲੀ ਪ੍ਰਣਾਲੀ	ਨਿਵਿਦਾ ਅਪਲੋਡ ਕਰਨ ਦੀ ਮਿਤੀ/ ਸਮਾਂ		ਬੋਲੀ ਸਮਾਪਤ ਮਿਤੀ/ਸਮਾਂ	ਬੋਲੀ ਖੁਲਣ ਦੀ ਮਿਤੀ/ ਸਮਾਂ
ਖੁਲ੍ਹਾ	ਏਕਲ ਪੈਕੇਟ ਪ੍ਰਣਾਲੀ	10.11.2026 ਸਮਾਂ 15:00 ਵਜੇ		02.12.2026 ਸਮਾਂ 15:00 ਵਜੇ	02.12.2026 ਸਮਾਂ 15:05 ਵਜੇ
ਨਿਵਿਦਾ ਨੰ.	ਨਿਵਿਦਾ ਦਾ ਵੇਰਵਾ				
08-FSA-2026	ਫਿਰੋਜ਼ਪੁਰ ਮੰਡਲ ਦੇ ਤਹਿਤ ਕੋਚਿੰਗ ਡਿਪੋ, ਅੰਮ੍ਰਿਤਸਰ (ASR) ਅਤੇ ਫਿਰੋਜ਼ਪੁਰ (FZR) ਵਿਚ ਫਾਇਰ ਸੁਰੱਖਿਆ ਆਡਿਟ, ਐਮਰਜੈਂਸੀ ਨਿਕਾਸੀ ਸਕੀਮ ਦਾ ਫਾਰਮੇਟ ਤਿਆਰ ਅਤੇ ਵਿਕਸਿਤ ਕਰਨ ਅਤੇ ਵਿਸ਼ੇਸ਼ ਫਾਇਰ ਸੁਰੱਖਿਆ ਟਰੇਨਿੰਗ ਪ੍ਰਦਾਨ ਕਰਨ ਦਾ ਕੰਮ।				
	ਵਿਗਿਆਪਨ ਮੁੱਲ	ਨਿਵਿਦਾ ਪਤ੍ਰ ਦਾ ਮੁੱਲ	ਬਿਆਨਾ ਰਾਸ਼ੀ	ਵੈਲੇਡਿਟੀ ਮਿਆਦ	ਕੰਮ ਪੂਰਾ ਦੀ ਮਿਆਦ
	₹7,00,684/-	0.00	₹14000/-	30 Days	03 ਮਹੀਨੇ (90 ਦਿਨ)

ਵਧੇਰੇ ਜਾਣਕਾਰੀ ਦੇ ਲਈ www.ireps.gov.in 'ਤੇ ਲਾਗ ਇਨ ਕਰੋ।

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 3930/2026

ਬੈਂਕ ਆੱਫ਼ ਬੜੌਦਾ Bank of Baroda

ਮਾਡਲ ਟਾਊਨ, ਜਲੰਧਰ ਬ੍ਰਾਂਚ : ਸਿਟੀ ਸੈਂਟਰ ਮਲਟੀ ਸਟੋਰੀ ਬਿਲਡਿੰਗ, ਪਲਾਟ ਨੰ. 3ਏ, ਮਸੰਦ ਚੌਕ ਦੇ ਨੇੜੇ, ਮਾਡਲ ਟਾਊਨ, ਜਲੰਧਰ ਸ਼ਹਿਰ-144003, ਫੋਨ ਨੰਬਰ : 96499-40949, ਈਮੇਲ : modjal@bankofbaroda.bank.in

ਸੋਨੇ ਦੀ ਨਿਲਾਮੀ

ਹੇਠ ਲਿਖੇ ਵਿਅਕਤੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਕਰਜ਼ਾ ਖਾਤਿਆਂ ਦੀ ਬਕਾਇਆ ਦੇਣਦਾਰੀ ਅਦਾ ਨਹੀਂ ਕੀਤੀ ਹੈ। ਉਨ੍ਹਾਂ ਨੂੰ ਰਜਿਸਟਰਡ ਡਾਕ ਰਾਹੀਂ ਭੇਜੇ ਗਏ ਨੋਟਿਸ ਜਾਂ ਤਾਂ ਉਨ੍ਹਾਂ ਨੂੰ ਪ੍ਰਾਪਤ ਹੋ ਗਏ ਹਨ ਜਾਂ ਬੈਂਕ ਨੂੰ ਬਿਨਾਂ ਤਾਮੀਲ ਹੋਏ ਵਾਪਸ ਪ੍ਰਾਪਤ ਹੋਏ ਹਨ। ਇਸ ਲਈ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਮਿਤੀ 20.11.2026 ਤੱਕ ਆਪਣੀ ਬਕਾਇਆ ਦੇਣਦਾਰੀ ਅਤੇ ਹੋਰ ਖਰਚਿਆਂ ਦੀ ਅਦਾਇਗੀ ਕਰ ਕੇ ਗਿਰਵੀ ਰੱਖੀਆਂ ਗਈਆਂ ਜ਼ਮਾਨਤੀ ਵਸਤੂਆਂ ਛੁਡਵਾ ਲੈਣ। ਅਜਿਹਾ ਨਾ ਕਰਨ ਦੀ ਸੂਰਤ ਵਿਚ ਬੈਂਕ ਵੱਲੋਂ ਉਕਤ ਜ਼ਮਾਨਤੀ ਵਸਤੂਆਂ ਨੂੰ ਕਰਜ਼ਦਾਰ ਦੇ ਖਰਚੇ 'ਤੇ ਬੈਂਕ ਦੇ ਪ੍ਰਿਮਸਿਜ਼ ਵਿਚ ਮਿਤੀ 21.12.2026 ਨੂੰ ਬਾਅਦ ਦੁਪਹਿਰ 3 ਵਜੇ ਜਨਤਕ ਨਿਲਾਮੀ ਰਾਹੀਂ ਵੇਚ ਦਿੱਤਾ ਜਾਵੇਗਾ ਜਾਂ ਬੈਂਕ ਦੀ ਮਰਜ਼ੀ ਅਨੁਸਾਰ ਇਸ ਤੋਂ ਬਾਅਦ ਕਿਸੇ ਹੋਰ ਸੁਵਿਧਾਜਨਕ ਮਿਤੀ ਨੂੰ ਬਿਨਾਂ ਕਿਸੇ ਹੋਰ ਨੋਟਿਸ ਦੇ ਨਿਲਾਮ ਕੀਤਾ ਜਾ ਸਕਦਾ ਹੈ।

ਲੜੀ ਨੰਬਰ	ਕਰਜ਼ਦਾਰ ਦਾ ਨਾਂ ਤੇ ਪਤਾ	ਕਰਜ਼ਾ ਖਾਤਾ ਨੰਬਰ	ਕਰਜ਼ਾ ਮਨਜ਼ੂਰੀ ਦੀ ਮਿਤੀ
1.	ਸ਼੍ਰੀ ਹਰਵਿੰਦਰ ਸਿੰਘ, ਮਕਾਨ ਨੰ. 124, ਪ੍ਰਕਾਸ਼ ਵਿਹਾਰ, ਟਾਵਰ ਐਨਕਲੇਵ-2, ਜਲੰਧਰ-1	53230600001476	20-03-2025
2.	ਸ਼੍ਰੀ ਹਰਵਿੰਦਰ ਸਿੰਘ, ਮਕਾਨ ਨੰ. 124, ਪ੍ਰਕਾਸ਼ ਵਿਹਾਰ, ਟਾਵਰ ਐਨਕਲੇਵ-2, ਜਲੰਧਰ-1	53230600001477	20-03-2025
3.	ਸ਼੍ਰੀ ਨਵਜੋਤ ਸਿੰਘ, ਫਲੈਟ ਨੰ. 08, ਬੀ. ਸੀ., ਧਾਲੀਵਾਲ ਕਾਦੀਆਂ, ਜਲੰਧਰ	53230600001297	25-04-2024

ਮਿਤੀ : 10.11.2026 ਸਥਾਨ : ਜਲੰਧਰ

pnb punjab national bank ...Together for the better

ਸਰਕਲ ਆਫਿਸ : ਐੱਸ. ਏ. ਐੱਮ.-ਪਠਾਨਕੋਟ (ਨੇੜੇ ਕਮਲ ਸਵੀਟਸ, ਸੈਲੀ ਰੋਡ, ਪਠਾਨਕੋਟ-145001) [Phone No. 88728 27770, 92162 24491, 96825 65741] E Mail: copathansam@pnb.bank.in

ਈ-ਨਿਲਾਮੀ/ ਵਿਕਰੀ ਨੋਟਿਸ

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਇਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002, ਜਿਸ ਨੂੰ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8(6)/9(1) ਦੀ ਪ੍ਰੋਵਿਜ਼ੋ ਨਾਲ ਪੜ੍ਹਿਆ ਜਾਂਦਾ ਹੈ, ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (†) ਤੇ ਗਾਰੰਟਰ (†) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਓਰਡ ਕ੍ਰੈਡਿਟਰ ਨਾਲ ਮਾਰਟਗੇਜ਼ਡ/ਚਾਰਜਡ ਹੇਠਾਂ ਦੱਸੀ ਚੱਲ/ਅਚੱਲ ਜਾਇਦਾਦ ਦਾ ਰਚਨਾਤਮਕ/ਭੌਤਿਕ/ਸੰਕੇਤਕ ਕਬਜ਼ਾ ਬੈਂਕ/ਸਕਿਓਰਡ ਕ੍ਰੈਡਿਟਰ ਦੇ ਅਧਿਕਾਰਤ ਅਫਸਰ ਵਲੋਂ ਲੈ ਲਿਆ ਗਿਆ ਹੈ, ਜਿਸ ਦੀ ਵਿਕਰੀ 'ਜਿੱਥੇ ਹੈ ਜਿਵੇਂ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਹੈ' ਦੇ ਆਧਾਰ 'ਤੇ ਹੇਠਾਂ ਟੇਬਲ ਵਿਚ ਦੱਸੀ ਮਿਤੀ ਨੂੰ ਬੈਂਕ/ਸਕਿਓਰਡ ਕ੍ਰੈਡਿਟਰ ਦੇ ਸਬੰਧਤ ਕਰਜ਼ਦਾਰ (†) ਤੇ ਗਾਰੰਟਰ (†) ਤੋਂ ਬਕਾਇਆਂ ਦੀ ਵਸੂਲੀ ਲਈ ਕਰ ਦਿੱਤੀ ਜਾਵੇਗੀ। ਰਾਖਵੀਂ ਕੀਮਤ ਤੇ ਰਕਮ ਬਿਆਨਾ ਦਾ ਵੇਰਵਾ ਟੇਬਲ ਵਿਚ ਸਬੰਧਤ ਜਾਇਦਾਦਾਂ ਦੇ ਸਾਹਮਣੇ ਦੱਸੇ ਅਨੁਸਾਰ ਹੋਵੇਗਾ।

ਲੜੀ ਨੰ.	ਬ੍ਰਾਂਚ ਦਾ ਨਾਂ / ਕਰਜ਼ਦਾਰ/ਗਾਰੰਟਰ ਦੇ ਅਕਾਊਂਟ ਦਾ ਨਾਂ ਤੇ ਪਤਾ	ਮਾਰਟਗੇਜ਼ਡ ਅਚੱਲ ਜਾਇਦਾਦਾਂ ਦਾ ਵੇਰਵਾ/ਮਾਲਕ ਦਾ ਨਾਂ (ਜਾਇਦਾਦ (†) ਦੇ ਮਾਰਟਗੇਜ਼ਰ)	(ਏ) ਸਰਫੇਸੀ ਐਕਟ 2002 ਦੀ ਧਾਰਾ-13(2) ਤਹਿਤ ਡਿਮਾਂਡ ਨੋਟਿਸ ਦੀ ਮਿਤੀ (ਬੀ) ਬਕਾਇਆ ਰਕਮ ਜਿਵੇਂ ਹੈ (ਸੀ) ਸਰਫੇਸੀ ਐਕਟ 2002 ਦੀ ਧਾਰਾ-13(4) ਤਹਿਤ ਕਬਜ਼ੇ ਦੀ ਮਿਤੀ ਕਬਜ਼ੇ ਦੀ ਕਿਸਮ-ਸੰਕੇਤਕ/ਭੌਤਿਕ/ਰਚਨਾਤਮਕ	ਈ-ਨਿਲਾਮੀ ਸਮਾਂ ਅਤੇ ਮਿਤੀ / ਸਕਿਓਰਡ ਕ੍ਰੈਡਿਟਰਜ਼ ਦੀ ਜਾਣਕਾਰੀ 'ਚ ਭਾਰ ਦੇ ਵੇਰਵੇ	(ਏ) ਰਾਖਵੀਂ ਕੀਮਤ (ਬੀ) ਈ. ਐੱਮ. ਡੀ. (ਸੀ) ਬੋਲੀ ਵਾਧਾ ਰਕਮ
1.	ਬੀ/ਓ ਜੀ. ਟੀ. ਰੋਡ, ਬਟਾਲਾ (1) ਮੈਸਰਜ਼ ਰੋਬਿਟ ਮਸ਼ੀਨ ਟੂਲਜ਼ (ਕਰਜ਼ਦਾਰ), 2) ਸ਼੍ਰੀ ਰੋਬਿਟ ਮਸੀਹ ਪੁੱਤਰ ਸ਼੍ਰੀ ਅਜੀਤ ਮਸੀਹ (ਮਾਲਕ/ਕਰਜ਼ਦਾਰ), 3) ਸ਼੍ਰੀ ਅਜੀਤ ਮਸੀਹ ਪੁੱਤਰ ਸ਼੍ਰੀ ਬੰਤ ਮਸੀਹ, 4) ਸ਼੍ਰੀ ਸ਼ਾਮਾ ਮਸੀਹ ਪੁੱਤਰ ਬਚਨ ਮਸੀਹ (ਮਾਰਟਗੇਜ਼ਰ), ਸਾਰੇ ਵਾਸੀ ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ, ਜ਼ਿਲਾ ਗੁਰਦਾਸਪੁਰ, ਪੰਜਾਬ-143505।	12 ਮਰਲੇ ਰਕਬੇ ਵਾਲੀ ਫੈਕਟਰੀ ਦੀ ਜ਼ਮੀਨ ਤੇ ਇਮਾਰਤ ਦੀ ਇਕਵੀਟੇਬਲ ਮਾਰਟਗੇਜ, ਜਿਸ ਵਿਚ ਖਸਰਾ ਨੰਬਰ 22//12/1 (1-12), 22//11 (8-0), ਖੇਵਟ ਨੰਬਰ 81, 82 ਤੇ ਖਤੌਨੀ ਨੰਬਰ 178, 179 ਸ਼ਾਮਲ ਹਨ। ਇਸ ਵਿਚੋਂ 11/192 ਹਿੱਸਾ ਅਜੀਤ ਸਿੰਘ ਦਾ ਅਤੇ 1/192 ਹਿੱਸਾ ਸ਼ਾਮਾ ਮਸੀਹ ਦਾ ਹੈ। ਦਸਤਾਵੇਜ਼ ਨੰਬਰ 508, ਮਿਤੀ 04.05.2007 ਅਨੁਸਾਰ ਇਹ ਜਾਇਦਾਦ ਕੋਟਲਾ ਨਵਾਬ, ਗੋਬਿੰਦ ਨਗਰ, ਭੁੱਲਰ ਰੋਡ, ਬਟਾਲਾ, ਜ਼ਿਲਾ ਗੁਰਦਾਸਪੁਰ ਵਿਖੇ ਸਥਿਤ ਹੈ। ਹੱਦਬੰਦੀ–ਪੂਰਬ : ਹਰਮਿੰਦਰ ਕੌਰ, ਪੱਛਮ : ਗਲੀ, ਉੱਤਰ : ਬੇਤ ਮਸੀਹ, ਦੱਖਣ : ਮੰਗਲ ਸਿੰਘ। (ਨਿਲਾਮੀ ਹਵਾਲਾ ਨੰਬਰ : PUNB829500P41)	(ਏ) 16.02.2023 (ਬੀ) 6,01,577.02 ਰੁਪਏ 13.04.2022 ਨੂੰ-ਅਗਲਾ ਵਿਆਜ 01.04.2022 ਤੋਂ (ਸੀ) 03.03.2026 (ਡੀ) ਸੰਕੇਤਕ ਕਬਜ਼ਾ	03/12/2026 From 11 AM to 4 PM / ਪੀ. ਐੱਨ. ਬੀ. ਜੀ. ਟੀ. ਰੋਡ, ਬਟਾਲਾ ਨਾਲ ਇਕਵੀਟੇਬਲ ਮਾਰਟਗੇਜ	A) Rs 39,19,000/- B) Rs 3,91,900/- C) Rs 20,000/-

ਨਿਯਮ ਤੇ ਸ਼ਰਤਾਂ : 1.ਵਿਕਰੀ ਸਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਵਿਚ ਨਿਰਧਾਰਤ ਨਿਯਮਾਂ ਤੇ ਸ਼ਰਤਾਂ ਅਤੇ ਅੱਗੇ ਦਿੱਤੀਆਂ ਹੋਰ ਵਾਧੂ ਸ਼ਰਤਾਂ ਅਨੁਸਾਰ ਹੋਵੇਗੀ : 2. ਜਾਇਦਾਦਾਂ ਦੀ ਵਿਕਰੀ 'ਜਿਵੇਂ ਹੈ ਜਿੱਥੇ ਹੈ', 'ਜੋ ਹੈ ਜਿਵੇਂ ਹੈ' ਅਤੇ 'ਜੋ ਵੀ ਆਧਾਰ ਹੋਵੇ' 'ਤੇ ਕੀਤੀ ਜਾਵੇਗੀ। 3. ਉੱਪਰ ਸ਼ਡਿਊਲ ਵਿਚ ਦੱਸੇ ਗਏ ਸਕਿਓਰਡ ਅਸਾਸਿਆਂ ਦੇ ਵੇਰਵੇ ਅਧਿਕਾਰਤ ਅਫਸਰ ਵਲੋਂ ਸਰਵਉੱਤਮ ਜਾਣਕਾਰੀ ਦੇ ਆਧਾਰ 'ਤੇ ਦਿੱਤੇ ਗਏ ਹਨ ਪਰ ਅਧਿਕਾਰਤ ਅਫਸਰ ਇਸ ਐਲਾਨ ਵਿਚ ਕਿਸੇ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ (†) ਉੱਪਰ ਕਿਸੇ ਵੀ ਭਾਰ ਬਾਰੇ ਬੈਂਕ/ਸਕਿਓਰਡ ਕ੍ਰੈਡਿਟਰ ਨੂੰ ਜਾਣਕਾਰੀ ਨਹੀਂ ਹੈ। ਅਧਿਕਾਰਤ ਅਫਸਰ ਜਾਂ ਬੈਂਕ ਨਿਲਾਮ ਕੀਤੀ ਜਾ ਰਹੀ ਜਾਇਦਾਦ ਸਬੰਧੀ ਕਿਸੇ ਵੀ ਚਾਰਜ, ਅਧਿਗ੍ਰਹਿਣ, ਭਾਰ ਜਾਂ ਸਰਕਾਰ ਵੱਲੋਂ ਜਾਂ ਕਿਸੇ ਹੋਰ ਵੱਲੋਂ ਕਿਸੇ ਵੀ ਦੇਣਦਾਰੀ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਚਾਹਵਾਨ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਪੈਣ ਵਾਲੇ ਭਾਰ ਬਾਰੇ ਆਪਣੀ ਆਜ਼ਾਦਾਨਾ ਪੁੱਛਗਿੱਛ ਕਰੇ, ਜਿਸ 'ਚ ਵਿਧਾਨਕ ਦੇਣਦਾਰੀਆਂ, ਪ੍ਰਾਪਰਟੀ ਟੈਕਸ, ਬਿਜਲੀ ਦੇ ਬਕਾਏ, ਹਾਊਸ ਟੈਕਸ ਆਦਿ ਬਾਰੇ ਜਾਣਕਾਰੀ ਹਾਸਲ ਕਰੇ। ਇਸ ਵਿਚ ਕਿਸੇ ਵਿਭਾਗ ਤੋਂ ਐੱਨ. ਓ. ਸੀ ਆਦਿ ਵੀ ਸ਼ਾਮਲ ਹੈ। ਬਕਾਇਆ ਚਾਰਜ/ਬਿਜਲੀ ਦੇ ਬਿੱਲ, ਹਾਊਸ ਟੈਕਸ ਆਦਿ ਨਿਲਾਮੀ ਖਰੀਦਦਾਰ ਵਲੋਂ ਅਦਾ ਕੀਤੇ ਜਾਣਗੇ। 6. ਸਕਿਓਰਡ ਕ੍ਰੈਡਿਟਰ ਜੋ ਵੀ ਜਾਇਦਾਦ/ਜਾਇਦਾਦਾਂ ਵੇਚੀਆਂ ਜਾ ਰਹੀਆਂ ਹਨ ਦੀ ਕਿਸੇ ਵੀ ਤਰ੍ਹਾਂ ਦੀ ਫਿਟਨੈੱਸ ਜਾਂ ਕੁਆਲਿਟੀ ਜਾਂ ਦੇਣਦਾਰੀ ਦੀ ਕਿਸੇ ਸੂਰਤ 'ਚ ਗਾਰੰਟੀ ਨਹੀਂ ਦਿੰਦਾ। 7. ਵਿਕਰੀ ਨਿਮਨਹਸਤਾਖਰੀ ਵਲੋਂ ਵੈੱਬਸਾਈਟ https://baanknet.com. 'ਤੇ ਦਿੱਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ 03.12.2026 ਨੂੰ ਉੱਪਰ ਦਿੱਤੇ ਸਮੇਂ ਅਨੁਸਾਰ ਸਵੇਰੇ 11 ਵਜੇ ਤੋਂ ਸ਼ਾਮ 4 ਵਜੇ ਤੱਕ ਕੀਤੀ ਜਾਵੇਗੀ। ਵਿਕਰੀ ਦੇ ਵਿਸਥਾਰਤ ਨਿਯਮ ਤੇ ਸ਼ਰਤਾਂ ਲਈ ਕਿਰਪਾ ਕਰ ਕੇ ਵੈੱਬਸਾਈਟ https://baanknet.com ਤੇ https://pnb.bank.in/ ਦਾ ਹਵਾਲਾ ਲਵੋ। 8. ਰਾਖਵੀਂ ਕੀਮਤ ਤੋਂ ਉੱਪਰ ਤੇ ਵੱਧ ਘੱਟ-ਘੱਟ ਬੋਲੀ ਦੀ ਇਕ ਰਕਮ ਲਾਜ਼ਮੀ ਹੈ।

ਸਰਫੇਸੀ ਐਕਟ, 2002 ਦੇ ਰੂਲ-8(6) ਤਹਿਤ ਵਿਧਾਨਕ ਵਿਕਰੀ ਨੋਟਿਸ

ਮਿਤੀ : 10.11.2026
ਸਥਾਨ : ਪਠਾਨਕੋਟ

ਨਰੇਂਦਰ ਕੁਮਾਰ ਸ਼੍ਰੀਵਾਸਤਵ, ਅਧਿਕਾਰਤ ਅਫਸਰ
ਪੰਜਾਬ ਨੈਸ਼ਨਲ ਬੈਂਕ, ਸਕਿਓਰਡ ਕ੍ਰੈਡਿਟਰ